8

# ਬਪਤਿਸਮਾ ਰੂਹਾਨੀ ਸੁੰਨਤ ਦੇ ਰੂਪ ਵਿਚ

*''ਜਿਹ ਦੇ ਵਿਚ ਤੁਸੀਂ ਅਜਿਹੀ ਸੁੰਨਤ ਨਾਲ ਸੁੰਨਤੀ ਵੀ ਹੋਏ ਜੋ ਹੱਥਾਂ ਨਾਲ ਕੀਤੀ ਹੋਈ ਨਹੀਂ ਅਰਥਾਤ ਮਸੀਹ ਵਾਲੀ ਸੁੰਨਤ ਜਿਹ ਦੇ ਵਿਚ ਸਰੀਰਕ ਮਾਸ ਲਾਹ ਸੁੱਟੀਦਾ ਹੈ। ਤੁਸੀਂ ਬਪਤਿਸਮੇ ਵਿਚ ਉਹ ਦੇ ਨਾਲ ਦੱਬੇ ਗਏ ਜਿਹ ਦੇ ਵਿਚ ਪਰਮੇਸ਼ੁਰ ਦੀ ਕਰਨੀ ਉੱਤੇ ਨਿਹਚਾ ਰੱਖ ਕੇ ਜਿਵੇਂ ਉਸ ਨੇ ਉਹਨੂੰ ਮੁਰਦਿਆਂ ਵਿੱਚੋਂ ਉਠਾਇਆ ਤੁਸੀਂ ਉਹ ਦੇ ਨਾਲ ਉਠਾਏ ਵੀ ਗਏ। ਅਤੇ ਉਸ ਨੇ ਤੁਹਾਨੂੰ ਜਿਹੜੇ ਆਪਣੇ ਅਪਰਾਧਾਂ ਅਤੇ ਆਪਣੇ ਸਰੀਰ ਦੀ ਅਸੁੰਨਤ ਦੇ ਕਾਰਨ ਮੋਏ ਹੋਏ ਸਾਓ ਉਹ ਦੇ ਨਾਲ ਜਿਵਾਲਿਆ ਕਿਉਂ ਜੋ ਉਸ ਨੇ ਸਾਡੇ ਸਾਰੇ ਅਪਰਾਧ ਸਾਨੂੰ ਮਾਫ਼ ਕੀਤੇ''(ਕੁਲੁੱਸੀਆਂ 2:11–13)।*

ਬਪਤਿਸਮੇ ਬਾਰੇ ਕੁਲੁੱਸੀਆਂ 2:11–13 ਤੇ ਚਰਚਾ ਕਰਨ ਤੋਂ ਪਹਿਲਾਂ ਆਓ ਵੇਖਦੇ ਹਾਂ ਕਿ ਕੁਲੁੱਸੀਆਂ ਦੀ ਪੱਤਰੀ ਲਿਖਣ ਦਾ ਪੌਲੁਸ ਦਾ ਕੀ ਮਕਸਦ ਸੀ। ਕੁਲੁੱਸੀਆਂ ਵਿਚ ਉਹਦਾ ਮੁੱਖ ਜ਼ੋਰ ਯਿਸੂ ਦੀ ਮਹਾਨਤਾ ਸੀ। ਉਸ ਨੇ ਯਿਸੂ ਨੂੰ ਮਨੁੱਖ ਦੀਆਂ ਵੱਡੀਆਂ ਤੋਂ ਵੱਡੀਆਂ ਲੋੜਾਂ ਦਾ ਜਵਾਬ ਦੱਸਿਆ ਅਤੇ ਜ਼ੋਰ ਦੇ ਕੇ ਕਿ ਯਿਸੂ ਵਿਚ ਸਾਨੂੰ ਛੁਟਕਾਰਾ, ਭਾਵ ਪਾਪਾਂ ਤੋਂ ਮਾਫ਼ੀ ਮਿਲਦੀ ਹੈ (ਕੁਲੁੱਸੀਆਂ 1:14)। ਯਿਸੂ ਦੇ ਮਹਾਨ ਗੁਣਾਂ ਨੂੰ ਜਾਣ ਕੇ (ਕੁਲੁੱਸੀਆਂ 1:15–18) ਉਸ ਵਿਚ ਸਾਡਾ ਭਰੋਸਾ ਵਧਣਾ ਚਾਹੀਦਾ ਹੈ।

ਪੌਲੁਸ ਨੇ ਐਲਾਨ ਕੀਤਾ ਕਿ ਮਸੀਹੀ ਲੋਕਾਂ ਨੂੰ ਹਨ੍ਹੇਰੇ ਚੋਂ ਕੱਢ ਕੇ ਖ਼ੁਦਾ ਦੇ ਪੁੱਤਰ ਦੇ ਰਾਜ ਵਿਚ ਲਿਆਂਦਾ ਗਿਆ ਹੈ (ਕੁਲੁੱਸੀਆਂ 1:13)। ਇਸ ਦਾ ਮਤਲਬ ਇਹ ਹੋਇਆ ਇਸ ਖ਼ਤ ਦੇ ਲਿਖੇ ਜਾਣ ਵੇਲੇ (1) ਯਿਸੂ ਰਾਜਾ ਬਣ ਚੁੱਕਿਆ ਸੀ, (2) ਉਸ ਦਾ ਰਾਜ ਹੈ ਸੀ, (3) ਮਾਫ਼ੀ ਮਿਲਦੀ ਸੀ ਅਤੇ (4) ਲੋਕ ਉਸਦੇ ਰਾਜ ਵਿਚ ਆ ਰਹੇ ਸਨ। ਯਿਸੂ ਨੇ ਪੌਲੁਸ (ਸੌਲੁਸ) ਨੂੰ ਦਰਸ਼ਣ ਦੇ ਕੇ ਦੱਸਿਆ ਸੀ ਕਿ ਉਹ ਉਸ ਨੂੰ ਗ਼ੈਰ ਕੌਮਾਂ ਕੋਲ ਭੇਜ ਰਿਹਾ ਹੈ, ''ਤਾਂ ਜੋ ਤੂੰ ਉਨ੍ਹਾਂ ਦੀਆਂ ਅੱਖਾਂ ਨੂੰ ਖੋਲ੍ਹ ਦੇਵੇਂ ਕਿ ਓਹ ਅਨ੍ਹੇਰੇ ਤੋਂ ਚਾਨਣ ਦੀ ਵੱਲ ਅਤੇ ਸ਼ੈਤਾਨ ਦੇ ਵੱਸ ਤੋਂ ਪਰਮੇਸ਼ੁਰ ਦੀ ਵੱਲ ਮੁੜਨ ਕਿ ਓਹ ਪਾਪਾਂ ਦੀ ਮਾਫ਼ੀ ਅਤੇ ਉਨ੍ਹਾਂ ਵਿਚ ਜੋ ਮੇਰੇ ਉੱਤੇ ਨਿਹਚਾ ਕਰ ਕੇ ਪਵਿੱਤਰ ਹੋਏ ਹਨ ਵਿਰਸਾ ਪਾਉਣ'' (ਰਸੂਲਾਂ ਦੇ ਕੰਮ 26:18)। ਹਨ੍ਹੇਰੇ ਤੋਂ ਚਾਨਣ ਵਿਚ ਆਉਣ ਵਾਲੇ ਉਹ ਲੋਕ ਹਨ ਜਿੰਨ੍ਹਾਂ ਦੇ ਪਾਪ ਮਾਫ਼ ਕੀਤੇ ਗਏ ਹਨ ਅਤੇ ਜੋ ਯਿਸੂ ਦੇ ਰਾਜ ਵਿਚ ਹਨ।

ਯਿਸੂ ਵਿਚ ਸਾਨੂੰ ਮੁਕਤੀ ਭਾਵ ਪਾਪਾਂ ਤੋਂ ਮਾਫ਼ੀ ਮਿਲਦੀ ਹੈ (ਕੁਲੁੱਸੀਆਂ 1:14)। ਯਿਸੂ ਦਾ ਲਹੂ ਖ਼ੁਦਾ ਨਾਲ ਸਾਡੇ ਵਿਗੜੇ ਰਿਸ਼ਤਿਆਂ ਨੂੰ ਸੁਧਾਰ ਸਕਦਾ ਹੈ (1:20–22)।

ਇਸਦੇ ਇਲਾਵਾ, ਯਿਸੂ ਇਸ ਲਈ ਮਹਾਨ ਹੈ ਕਿਉਂਕਿ ਉਹ ਖ਼ੁਦਾ ਦਾ ਪ੍ਰਤੀਬਿੰਬ ਹੈ (1:15); ਸਾਰੀ ਸ੍ਰਿਸ਼ਟੀ ਵਿਚ ਪਲੌਠਾ (1:15); ਸਭ ਵਸਤਾਂ ਦਾ ਸਿਰਜਣ ਹਾਰ (1:16); ਸਾਰੇ ਮਨੁੱਖਾਂ ਵਿਚ ਪਹਿਲਾ (1:17); ਸਭ ਵਸਤਾਂ ਨੂੰ ਕਾਇਮ ਰੱਖਣ ਵਾਲਾ (1:17); ਦੇਹ, ਭਾਵ ਕਲੀਸੀਆ ਦਾ ਸਿਰ (1:18); ਮੁਰਦਿਆਂ ਵਿੱਚੋਂ ਜੀ ਉੱਠਣ ਵਾਲਿਆਂ ਵਿਚ ਪਲੌਠਾ

(1:18); ਅਤੇ ਹਰ ਗੱਲ ਵਿਚ ਪ੍ਰਧਾਨ ਹੈ (1:18)।

ਪੌਲੁਸ ਨੇ ਯਿਸੂ ਬਾਰੇ ਉੱਪਰ ਦੱਸੇ ਬੁਨਿਆਦੀ ਤੱਥ ਇਹ ਵਿਖਾਉਣ ਲਈ ਦੱਸੇ ਕਿ ਸਾਨੂੰ ਕਿਸੇ ਨੂੰ ਆਪਣੇ ਪ੍ਰਭੂ ਦੇ ਰੂਪ ਵਿਚ ਉਸ ਤੋਂ ਦੂਰ ਕਰਨ ਦੀ ਇਜਾਜ਼ਤ ਨਹੀਂ ਦੇਣੀ ਚਾਹੀਦੀ (2:4, 8)। ਉਸ ਵਿਚ ਬੁੱਧ ਅਤੇ ਗਿਆਨ ਦੇ ਸਭ ਭੰਡਾਰ (2:3); ਦੇਹ ਵਿਚ ਖ਼ੁਦਾਈ ਦੀ ਸਾਰੀ ਭਰਪੂਰੀ (2:9); ਸਾਨੂੰ ਭਰਪੂਰ ਕਰਨ ਦੀ ਸਮਰਥਾ (2:10) ਅਤੇ ਯਿਸੂ ਦੀ ਸੁੰਨਤ ਮਿਲਦੇ ਹਨ ਜੋ ਬਪਤਿਸਮਾ ਲੈਣ ਤੇ ਸਾਡੇ ਪਾਪਾਂ ਨੂੰ ਮਿਟਾ ਦਿੰਦੇ ਹਨ (2:11−13)। ਇਨ੍ਹਾਂ ਸਚਿਆਈਆਂ ਨਾਲ ਸਾਨੂੰ ਯਿਸੂ ਤੇ ਵਿਸ਼ਵਾਸ ਰੱਖਣ ਕਰਕੇ ਮਿਲ ਜਾਣੇ ਚਾਹੀਦੇ ਹਨ ਤਾਂ ਜੋ ਅਸੀਂ ਮਨੁੱਖਾਂ ਦੀਆਂ ਦਿੱਤੀਆਂ ਗਈਆਂ ਸਿੱਖਿਆਵਾਂ ਅਤੇ ਨਿਯਮਾਂ ਵਿਚ ਦਿੱਤੇ ਗਏ ਹੁਕਮਾਂ ਨੂੰ ਨਕਾਰ ਸਕੀਏ (2:8, 14−17)।

ਜੇ ਸਾਡੇ ਕੋਲ ਯਿਸੂ ਨਹੀਂ ਹੈ, ਤਾਂ ਅਸੀਂ ਬੇਉਮੀਦੇ ਅਤੇ ਖ਼ੁਦਾ ਦੇ ਬਗ਼ੈਰ ਹਾਂ, ਪਰ ਜੇ ਅਸੀਂ ਉਸ ਵਿਚ ਹਾਂ, ਤਾਂ ਸਾਨੂੰ ਉਸ ਦੇ ਲਹੂ ਰਾਹੀਂ ਨੇੜੇ ਲਿਆਂਦਾ ਜਾਂਦਾ ਹੈ। ਅਫ਼ਸੀਆਂ 2:13 ਵਿਚ ਕਿਹਾ ਗਿਆ ਹੈ ''ਪਰ ਹੁਣ ਮਸੀਹ ਯਿਸੂ ਵਿਚ ਤੁਸੀਂ ਜੋ ਅੱਗੇ ਦੂਰ ਸਾਓ ਮਸੀਹ ਦੇ ਲਹੂ ਦੇ ਕਾਰਨ ਨੇੜੇ ਕੀਤੇ ਗਏ ਹੋ।''

ਸਾਡੀ ਵਡਿਆਈ ਦੀ ਉਮੀਦ ਮਸੀਹ ਵਿਚ ਸਾਡੇ ਹੋਣ ਅਤੇ ਉਸਦੇ ਸਾਡੇ ਵਿਚ ਹੋਣ ਨਾਲ ਹੈ (ਕੁਲੁੱਸੀਆਂ 1:27)। ਉਸ ਵਿਚ ਸਾਨੂੰ ਜਿਸਮਾਨੀ ਖ਼ਾਹਿਸ਼ਾਂ ਦੀ ਗੁਲਾਮੀ ਤੋਂ ਛੁਡਾ ਕੇ ਰੂਹਾਨੀ ਤੌਰ ਤੇ ਜ਼ਿੰਦਗੀ ਬਖ਼ਸ਼ੀ ਜਾਂਦੀ ਹੈ ਅਤੇ ਸਾਰੇ ਪਾਪ ਮਾਫ਼ ਕੀਤੇ ਜਾਂਦੇ ਹਨ (ਕੁਲੁੱਸੀਆਂ 2:11−13)।

ਅਧਿਆਇ 2 ਵਿਚ ਪੌਲੁਸ ਨੇ ਕੁਲੁੱਸੈ ਦੇ ਮਸੀਹੀ ਲੋਕਾਂ ਨੂੰ ਬੇਨਤੀ ਕਰਨੀ ਜਾਰੀ ਰੱਖੀ ਕਿ ਮਸੀਹ ਵਿਚ ਬਣੇ ਰਹਿਣ। ਉਸ ਨੇ ਉਨ੍ਹਾਂ ਨੂੰ ਦੱਸਿਆ ਕਿ ਉਹ ਯਿਸੂ ਦੇ ਹਨ ਕਿਉਂਕਿ ਉਸ ਕੋਲੋਂ ਉਨ੍ਹਾਂ ਦੀ ਇਕ ਰੂਹਾਨੀ ਸੁੰਨਤ ਹੋਈ ਹੈ। ਇਹ ਰੂਹਾਨੀ ਸੁੰਨਤ ਕੀ ਹੈ?

## ਬਪਤਿਸਮਾ ਸੁੰਨਤ ਵਾਂਗ ਹੈ

> ਜਿਹ ਦੇ ਵਿਚ ਤੁਸੀਂ ਅਜਿਹੀ ਸੁੰਨਤ ਨਾਲ ਸੁੰਨਤੀ ਵੀ ਹੋਏ ਜੋ ਹੱਥਾਂ ਨਾਲ ਕੀਤੀ ਹੋਈ ਨਹੀਂ ਅਰਥਾਤ ਮਸੀਹ ਵਾਲੀ ਸੁੰਨਤ ਜਿਹ ਦੇ ਵਿਚ ਸਰੀਰਕ ਮਾਸ ਲਾਹ ਸੁੱਟੀਦਾ ਹੈ ( ਕੁਲੱਸੀਆਂ 2:11)।

ਖ਼ੁਦਾ ਨੇ ਅਬਰਾਹਾਮ ਅਤੇ ਉਸਦੀ ਸੰਤਾਨ ਨਾਲ ਇਕ ਨੇਮ ਬੰਨ੍ਹਿਆ ਕਿ ਜੇ ਉਹ ਉਸ ਨੇਮ ਦੀ ਮੋਹਰ ਦੇ ਰੂਪ ਵਿਚ ਸੁੰਨਤ ਕਰਵਾਉਣ ਤਾਂ ਉਹ ਉਨ੍ਹਾਂ ਦਾ ਖ਼ੁਦਾ ਹੋਵੇਗਾ (ਉਤਪਤ 17:7−11)। ਸੁੰਨਤ ਨਾ ਕਰਵਾਏ ਹੋਏ ਨਰ ਬਾਲਕਾਂ ਨੂੰ ਉਨ੍ਹਾਂ ਦੇ ਲੋਕਾਂ ਵਿੱਚੋਂ ਕੱਢਿਆ ਜਾਣਾ ਸੀ (ਉਤਪਤ 17:14)।

ਪੌਲੁਸ ਨੇ ਰੂਹਾਨੀ ਅਰਥ ਵਿਚ ਬਪਤਿਸਮੇ ਦੀ ਤੁਲਨਾ ਸੁੰਨਤ ਨਾਲ ਕੀਤੀ: ਜਿਵੇਂ ਸੁੰਨਤ ਵਿਚ ਬੱਚੇ ਦਾ ਜਿਸਮਾਨੀ ਮਾਸ ਲਾਹ ਦਿੱਤਾ ਜਾਂਦਾ ਸੀ ਉਸੇ ਤਰ੍ਹਾਂ ਮਸੀਹੀ ਵਿਅਕਤੀ ਦੇ ਦਿਲ ਵਿੱਚੋਂ ਪਾਪੀ ਖ਼ਾਹਿਸ਼ਾਂ ਦਾ ਕੱਢਿਆ ਜਾਣਾ ਜ਼ਰੂਰੀ ਹੈ। ਬਪਤਿਸਮੇ ਦੀ ਤੁਲਨਾ ਸੁੰਨਤ ਨਾਲ ਕਰਕੇ ਪੌਲੁਸ ਨੇ ਸਮਝਾਇਆ ਕਿ ਬਪਤਿਸਮੇ ਵਿਚ ਰੂਹਾਨੀ ਸੁੰਨਤ ਹੁੰਦੀ ਹੈ। ਬਪਤਿਸਮੇ ਵਿਚ ਜਿਸਮਾਨੀ ਖ਼ਾਹਿਸ਼ਾਂ ਅਤੇ ਰੀਤਾਂ ਨੂੰ ਲਾਹ ਕੇ ਰੂਹਾਨੀ ਸੁੰਨਤ ਕੀਤੀ ਜਾਂਦੀ ਹੈ (ਕੁਲੁੱਸੀਆਂ 2:11)।

‘‘ਲਾਹੁਣਾ’’ (ਯੂ.: *apekdusis*) ਵਾਕ ਅੰਸ਼ ‘‘ਪਿਛਲੀ ਜ਼ਿੰਦਗੀ ਤੋਂ ਸਪੱਸ਼ਟ ਸਬੰਧ ਤੋੜਨ ਦਾ ਸੁਝਾਅ ਹੈ, ਤਾਂ ਵੀ ਇਹ ਰੂਪਕ ਨਾਪਸੰਦ ਕੱਪੜੇ ਲਾਹੁਣ ਦਾ ਇਕ ਰੂਪਕ ਹੈ।’’[1] ਜਿਸ ਸੁੰਨਤ ਦਾ ਇੱਥੇ ਜ਼ਿਕਰ ਹੈ ਉਹ ‘‘ਬ.ਗੈਰ ਹੱਥ ਲਾਏ ਹੁੰਦੀ ਹੈ, ਭਾਵ ਸਾਰੇ ਦਾ ਸਾਰਾ ਖ਼ੁਦਾ ਦਾ ਕੰਮ ਹੈ। ... ਪੌਲੁਸ ਜ਼ੋਰ ਦੇ ਕੇ ਆਖ ਰਿਹਾ ਹੈ, ਕਿ ਇਹ ਬਪਤਿਸਮੇ ਵਿਚ ਮਿਲਣ ਵਾਲਾ ਖ਼ੁਦਾ ਦਾ ਕੰਮ ਹੈ।’’[2] (ਮਰਕੁਸ 14:58 ਅਤੇ 2 ਕੁਰਿੰਥੀਆਂ 5:1 ਵਿਚ ਇਸ ਨਾਲ ਮੇਲ ਖਾਂਦੇ ਵਾਕ ਅੰਸ਼ ਮਿਲਦੇ ਹਨ।)

ਹੋ ਸਕਦਾ ਹੈ ਕਿ ‘‘ਮਾਸ ਦੀ ਦੇਹ’’ ‘‘ਪਾਪ ਦੇ ਸਰੀਰ’’ (ਰੋਮੀਆਂ 6:6) ਅਤੇ ‘‘ਮੌਤ ਦੀ ਦੇਹ’’ (ਰੋਮੀਆਂ 7:24) ਨੂੰ ਵੀ ਕਿਹਾ ਗਿਆ ਹੋਵੇ। ਸਰੀਰ ਅਤੇ ਮਾਸ ਪਾਪ ਨਹੀਂ ਹੈ, ਜਿਵੇਂ ਕਿ ਇਸ ਤੱਥ ਤੋਂ ਸਾਬਤ ਹੁੰਦਾ ਹੈ ਕਿ ਯਿਸੂ ਦੇਹ ਵਿਚ ਆਇਆ (ਯੂਹੰਨਾ 1:14; ਰੋਮੀਆਂ 1:3), ਪਰ ਪਾਪ ਇਨ੍ਹਾਂ ਦੇ ਰਾਹੀਂ ਸਾਨੂੰ ਆਪਣੇ ਵੱਲ ਖਿੱਚਦਾ ਹੈ। ‘‘ਦੇਹੀ’’ ਤੋਂ ਪੌਲੁਸ ਦਾ ਭਾਵ ਜਿਸਮਾਨੀ ਖ਼ਾਹਿਸ਼ਾਂ ਤੋਂ ਸੀ ਜਿਨ੍ਹਾਂ ਦੇ ਰਾਹੀਂ ਪਾਪ ਵਾਲੀਆਂ ਚੀਜ਼ਾਂ ਸਾਨੂੰ ਅਜ਼ਮਾਇਸ਼ ਵਿਚ ਪਾਉਂਦੀਆਂ ਹਨ (ਗਲਾਤੀਆਂ 5:24)। ਇਕ ਮਾਇਨੇ ਵਿਚ ਜਿਸਮਾਨੀ ਵਸਤਾਂ ਦੀਆਂ ਇਹ ਖ਼ਾਹਿਸ਼ਾਂ, ਬਪਤਿਸਮੇ ਵਿਚ ਸ਼ਾਮਿਲ ਰੂਹਾਨੀ ਗੱਲਾਂ ਨਾਲ ਮਿਟਾ ਦਿੱਤੀਆਂ ਜਾਂਦੀਆਂ ਹਨ।

ਸੁੰਨਤ (ਕੁਲੁੱਸੀਆਂ 2:11) ਅਤੇ ਬਪਤਿਸਮੇ (2:12) ਵਿਚ ਸਬੰਧ ਸਪੱਸ਼ਟ ਹੈ। ਪੌਲੁਸ ਅੱਗੇ ਕਹਿਣਾ ਚਾਹੁੰਦਾ ਹੈ ਕਿ ਮਸੀਹ ਦੀ ਸੁੰਨਤ ਬਪਤਿਸਮੇ ਵਿਚ ਪੂਰੀ ਹੁੰਦੀ ਹੈ।

ਮੁੱਰੇ ਹੈਰਿਸ ਦਾ ਕਹਿਣਾ ਹੈ, ‘‘ਮਨ ਦੀ ਸੁੰਨਤ ਦੀ ਇਹ ਗੱਲ ਤੁਹਾਡੇ ਬਪਤਿਸਮੇ ਵੇਲੇ ਹੋਈ ਸੀ ਜਦ ਤੁਸੀਂ ਖ਼ੁਦਾ ਦੀ ਸਮਰਥਾ ਦੇ ਕੰਮ ਵਿਚ ਆਪਣੇ ਵਿਸ਼ਵਾਸ ਨਾਲ ਰੂਹਾਨੀ ਤੌਰ ਤੇ ਉਸ ਵਿਚ ਜੀ ਉੱਠੇ ਸੀ, ਤਾਂ ਖ਼ੁਦਾ ਜਿਸ ਨੇ ਯਿਸੂ ਮਸੀਹ ਨੂੰ ਮੁਰਦਿਆਂ ਵਿੱਚੋਂ ਜਿਵਾਇਆ ਉਸ ਸਮਰੱਥਾ ਦਾ ਮੁਜ਼ਾਹਿਰਾ ਕੀਤਾ ਸੀ।’’[3]

## ਬਪਤਿਸਮੇ ਦਾ ਅਰਥ

> ਤੁਸੀਂ ਬਪਤਿਸਮਾ ਵਿਚ ਉਹ ਦੇ ਨਾਲ ਦਫ਼ਨਾਏ ਗਏ ਜਿਹ ਦੇ ਵਿਚ ਪਰਮੇਸ਼ੁਰ ਦੀ ਕਰਨੀ ਉੱਤੇ ਨਿਹਚਾ ਰੱਖ ਕੇ ਜਿਵੇਂ ਉਸ ਨੇ ਉਹਨੂੰ ਮੁਰਦਿਆਂ ਵਿੱਚੋਂ ਉਠਾਇਆ ਤੁਸੀਂ ਉਹ ਦੇ ਨਾਲ ਉਠਾਏ ਵੀ ਗਏ (ਕੁਲੁੱਸੀਆਂ 2:12)।

ਕੁਲੁੱਸੀਆਂ ਦੇ ਖ਼ਤ ਵਿਚ ਵੱਖ-ਵੱਖ ਵਿਖਾਇਆ ਗਿਆ ਹੈ ਕਿ ਬਪਤਿਸਮੇ ਦਾ ਕੀ ਅਰਥ ਹੈ:

(1) ਕੁਝ ਲੋਕਾਂ ਨੇ ਇਹ ਮੰਨ ਲਿਆ ਹੈ ਕਿ ਪੌਲੁਸ ਆਤਮਾ ਦੇ (ਪਾਣੀ ਦੇ ਨਹੀਂ) ਬਪਤਿਸਮੇ ਦੀ ਗੱਲ ਕਰ ਰਿਹਾ ਸੀ, ਪਰ ਅਜਿਹਾ ਨਹੀਂ ਹੋ ਸਕਦਾ। ਬਪਤਿਸਮੇ ਦੇ ਹਵਾਲਿਆਂ ਬਾਰੇ, ਅਲਬ੍ਰੇਟ ਓਪਕੇ ਦਾ ਵਿਚਾਰ ਹੈ ਕਿ ‘‘ਸੰਦਰਭ ਵਿਚ ਸੰਕੇਤ ਨਾ ਹੋਣ ਤਕ ਬਪਤਿਸਮੇ ਬਾਰੇ ਨਵੇਂ ਨੇਮ ਦੇ ਹਵਾਲਿਆਂ ਨੂੰ ਪਾਣੀ ਦੇ ਬਪਤਿਸਮੇ ਦੇ ਰੂਪ ਵਿਚ ਹੀ ਮੰਨਣਾ ਚਾਹੀਦਾ ਹੈ। ਤਕਨੀਕੀ ਤੌਰ ਤੇ ਬਪਤਿਸਮੇ ਦਾ ਅਰਥ ‘ਪਾਣੀ ਵਿਚ ਬਪਤਿਸਮਾ ਦੇਣਾ’ ਹੀ ਹੈ। ਇਸ ਲਈ ਮਾਧਿਅਮ ਦਾ ਖ਼ਾਸ ਤੌਰ ਤੇ ਜ਼ਿਕਰ ਕਰਨਾ ਜ਼ਰੂਰੀ ਨਹੀਂ।’’[4]

ਸਾਡੇ ਬਚਾਏ ਜਾਣ ਦਾ ਰੂਹਾਨੀ ਹਿੱਸਾ ਖ਼ੁਦਾ ਵੱਲੋਂ ਪਾਪੀ ਸਰੀਰ ਨੂੰ ਲਾਹ ਕੇ ਪਾਪ ਤੋਂ ਮਾਫ਼ ਕਰਨ ਦਾ ਕੰਮ ਹੈ। ਸਾਡਾ ਯੋਗਦਾਨ ਖ਼ੁਦਾ ਦੇ ਕੰਮ ਵਿਚ ਵਿਸ਼ਵਾਸ ਕਰਕੇ ਬਪਤਿਸਮਾ

ਲੈਣ ਵਿਚ ਹੈ।

(2) ਹੋਰਨਾਂ ਦਾ ਆਖਣਾ ਹੈ ਕਿ ਪੌਲੁਸ ਅੱਖਰ–ਬ–ਅੱਖਰ ਦੀ ਬਜਾਇ ਸੰਕੇਤਕ ਗੱਲ ਕਰ ਰਿਹਾ ਸੀ, ਪਰ ਇਹ ਵੀ ਸੱਚ ਨਹੀਂ ਹੈ। ਜੇ ਬਾਈਬਲ ਦੀਆਂ ਦੂਜੀਆਂ ਆਇਤਾਂ ਵਿਚ ਬਪਤਿਸਮੇ ਨੂੰ ਸੰਕੇਤਕ ਮੰਨਿਆ ਗਿਆ ਹੋਵੇ, ਤਾਂ ਅਜਿਹੇ ਨਿਚੋੜ ਦੀ ਕੋਈ ਮਾਨਤਾ ਹੋ ਸਕਦੀ ਹੈ, ਪਰ ਹੋਰ ਵਾਕਾਂ ਤੋਂ ਇਹ ਸੰਕੇਤ ਮਿਲਦਾ ਹੈ ਕਿ ਬਪਤਿਸਮਾ ਨਜ਼ਰ ਆਉਣ ਵਾਲਾ ਕੰਮ ਹੈ ਜਿਸ ਵਿਚ ਪਾਣੀ ਸ਼ਾਮਿਲ ਹੈ (ਮੱਤੀ 3:13–17; ਰਸੂਲਾਂ ਦੇ ਕੰਮ 8:35–39)।

(3) ਇਕ ਹੋਰ ਵਿਚਾਰ ਅਨੁਸਾਰ, ਪੌਲੁਸ ਇਹ ਸਿਖਾ ਰਿਹਾ ਸੀ, ਕਿ ਖ਼ੁਦਾ ਲੋਕਾਂ ਦੇ ਮਨਾਂ ਵਿਚ ਛੁਟਕਾਰਾ ਦੇਣ ਵਾਲਾ ਵਿਸ਼ਵਾਸ ਪਾ ਦਿੰਦਾ ਹੈ ਜਿਸ ਦਾ ਨਤੀਜਾ ਬਪਤਿਸਮਾ ਹੁੰਦਾ ਹੈ। ਟੀਕਾਕਾਰਾਂ ਦੇ ਇਕ ਗਰੁੱਪ ਨੇ ਲਿਖਿਆ ਹੈ ''ਯਿਸੂ ਨੂੰ ਫਿਰ ਤੋਂ ਜਿਵਾਉਣ ਵਿਚ ਖ਼ੁਦਾ ਦੇ ਸਮਰਥੀ ਕੰਮ ਵਿਚ ਵਿਸ਼ਵਾਸ ਹੀ, ਮੁਕਤੀ ਦੁਵਾਉਣ ਵਾਲਾ ਵਿਸ਼ਵਾਸ ਹੈ (ਰੋਮੀਆਂ 4:24,10:9); ਅਤੇ ਇਹ ਓਸੇ 'ਸਮਰਥਾ ਦੇ ਕੰਮ' ਨਾਲ ਮਨ ਵਿਚ ਕੰਮ ਕਰਦਾ ਹੈ, ਜਿਸ ਨਾਲ ਉਸ ਨੇ 'ਯਿਸੂ ਨੂੰ ਮੁਰਦਿਆਂ ਵਿੱਚੋਂ ਜਿਵਾਇਆ' (ਅਫ਼ਸੀਆਂ 1:19, 20)।''[5]

ਪਰ, ਗੁਆਚੇ ਹੋਏ ਮਨ ਵਿਚ ਖ਼ੁਦਾ ਵੱਲੋਂ ਵਿਸ਼ਵਾਸ ਪਾਉਣ ਦੀ ਧਾਰਣਾ ਡਿਨੋਮੀਨੇਸ਼ਨ ਵਾਲੀਆਂ ਕਲੀਸੀਆਵਾਂ ਦੀਆਂ ਨੀਤੀਆਂ ਕਾਢ ਹੈ, ਖ਼ੁਦਾ ਦੇ ਕਲਾਮ ਦੀ ਨਹੀਂ। ਬਾਈਬਲ ਸਿਖਾਉਂਦੀ ਹੈ ਕਿ ਵਿਸ਼ਵਾਸ ਖ਼ੁਦਾ ਦਾ ਵਚਨ ਸੁਣਨ ਨਾਲ ਆਉਂਦਾ ਹੈ (ਯੂਹੰਨਾ 17:20; 20:30, 31; ਰਸੂਲਾਂ ਦੇ ਕੰਮ 17:11, 12; ਰੋਮੀਆਂ 10:17)।

(4) ਇਕ ਹੋਰ ਵਿਚਾਰ ਹੈ ਕਿ ਬਪਤਿਸਮਾ ਲੈਣ ਵਾਲੇ ਦਾ ਵਿਸ਼ਵਾਸ ਖ਼ੁਦਾ ਦੇ ਕਿਸੇ ਕੰਮ ਤੇ ਵਿਸ਼ਵਾਸ ਕਰਨ ਦੀ ਬਜਾਇ ਯਿਸੂ ਦੇ ਜੀ ਉੱਠਣ ਵਿਚ ਹੋਣਾ ਚਾਹੀਦਾ ਹੈ। ਬਹੁਤ ਘੱਟ ਟੀਕਾਕਾਰ ਇਸ ਵਿਆਖਿਆ ਨੂੰ ਵਿਸਤਾਰ ਨਾਲ ਦੱਸਦੇ ਹਨ।

(5) ਸਭ ਤੋਂ ਸਹੀ ਵਿਚਾਰ ਇਹ ਹੈ ਕਿ ਪੌਲੁਸ ਬਪਤਿਸਮੇ ਦੀ ਗੱਲ ਕਰ ਰਿਹਾ ਸੀ ਜਿਸ ਵਿਚ ਬਪਤਿਸਮਾ ਲੈਣ ਵਾਲਾ ਖ਼ੁਦਾ ਦੇ ਕੰਮ ਤੇ ਵਿਸ਼ਵਾਸ ਕਰ ਰਿਹਾ ਹੈ ਭਾਵ ਉਸ ਕੰਮ ਵਿਚ ਜਿਸ ਨਾਲ ਯਿਸੂ ਨੂੰ ਮੁਰਦਿਆਂ ਵਿਚੋਂ ਜਿਵਾਇਆ ਗਿਆ ਕਿ ਉਹ ਯਿਸੂ ਦੀ ਮੌਤ ਅਤੇ ਉਸ ਦੇ ਜੀ ਉੱਠਣ ਨਾਲ ਮਿਲਣ ਵਾਲੀ ਮੁਕਤੀ ਤੋਂ ਮਿਲਣ ਵਾਲੇ ਲਾਭ ਪਾ ਸਕੇ। ਇਹ ਸੰਦਰਭ ਨਾਲ ਮੇਲ ਖਾਂਦਾ ਹੈ ਅਤੇ ਸਭ ਤੋਂ ਸਹੀ ਵਿਆਖਿਆ ਹੈ।

ਰਾਲਫ਼ ਪੀ. ਮਾਰਟਿਨ ਦਾ ਕਹਿਣਾ ਹੈ:

> ਇਸ ਲਈ ਛੁਟਕਾਰੇ ਦੇ ਮਸੀਹ ਦੇ ਕੰਮ ਨਾਲ ਮਿਲਣ ਵਾਲੀ ਰੂਹਾਨੀ ਸੁੰਨਤ ਦਾ ਜਵਾਬ ਮਸੀਹੀ ਬਪਤਿਸਮਾ ਹੈ ਜੋ ਬਪਤਿਸਮਾ ਲੈਣ ਵਾਲਿਆਂ ਵੱਲੋਂ ਉਨ੍ਹਾਂ ਦੇ ਨਿੱਜੀ ਤੌਰ ਤੇ ਕਬੂਲ ਕਰਨ ਦੀ ਮੰਗ ਕਰਦਾ ਹੈ। ਇਸਦਾ ਮਤਲਬ ਹੈ ਕਿ ਵਿਸ਼ਵਾਸ ਦੀ ਬੇਹੱਦ ਲੋੜ ਹੈ ਜੋ ਕਰਮਕਾਂਡ ਲਈ ਨਹੀਂ ਬਲਕਿ ਖ਼ੁਦਾ ਲਈ ਹੈ ਜੋ ਉਸ 'ਕਰਮਕਾਂਡ' ਵਿਚ ਕੰਮ ਕਰਦਾ ਹੈ, ਮੁਕਤੀ ਦੇਣ ਵਾਲੀ ਮਸੀਹ ਦੀ ਮੌਤ ਅਤੇ ਜੀ ਉੱਠਣ ਦੀ ਪ੍ਰਭਾਵਸ਼ਾਲੀ ਸ਼ਕਤੀ ਵਿਚ ਹੈ ਜਿਸ ਵਿਚ ਵਿਸ਼ਵਾਸੀ ਮਰ ਕੇ ਜੀ ਉੱਠਦੇ ਸਨ ਅਤੇ ਉਨ੍ਹਾਂ ਨੂੰ ਖ਼ੁਦਾਈ ਜ਼ਿੰਦਗੀ ਦੇ ਉਸ ਖੇਤਰ ਵਿਚ ਰੱਖਦਾ ਹੈ ਜਿਸ ਵਿਚ ਪਾਪ ਤੇ ਫ਼ਤਹਿ ਪਾ ਲਈ ਗਈ ਹੈ (ਰੋਮੀਆਂ 6:7, 9–11)।[6]

ਹਰਬਰਟ ਐਮ. ਕਾਰਸਨ ਦੀ ਸਮੀਖਿਆ ਸਹੀ ਹੈ:

> ਇਸ ਲਈ ਮਸੀਹ ਦੇ ਜੀ ਉੱਠਣ ਵਿਚ ਪਹਿਲਾਂ ਹੀ ਵਿਖਾਇਆ ਗਿਆ ਖ਼ੁਦਾ ਦਾ ਸਮਰਥਾ ਵਾਲਾ ਕੰਮ ਵਿਸ਼ਵਾਸੀ ਦੇ ਭਰੋਸੇ ਦੀ ਗੱਲ ਹੈ। ਫਿਰ ਤਾਂ ਤਰਕ ਇਵੇਂ ਹੋਵੇਗਾ: ਉਨ੍ਹਾਂ ਨੇ ਮਸੀਹ ਦੇ ਜੀ ਉੱਠਣ ਦੀ ਹਕੀਕਤ ਨੂੰ ਮੰਨ ਲਿਆ ਹੈ। ਖ਼ੁਦਾ ਦੀ ਸਮਰਥਾ ਦਾ ਸੰਕੇਤਕ ਮੁਜ਼ਾਹਿਰਾ ਇਹੀ ਸੀ, ਅਤੇ ਉਸ ਸਮਰਥਾ ਤੇ ਭਰੋਸਾ ਰੱਖ ਕੇ ਉਨ੍ਹਾਂ ਨੂੰ ਮਸੀਹ ਦੇ ਨਾਲ ਏਕਤਾ ਵਿਚ ਇਕ ਰੂਹਾਨੀ ਜੀ ਉੱਠਣ ਦਾ ਪਤਾ ਲੱਗਾ ਸੀ।[7]

ਜੀ. ਆਰ. ਬਿਸਲੇ–ਮੁੱਰੇ ਨੇ ਲਿਖਿਆ ਹੈ:

> ਵਿਸ਼ਵਾਸ ਦੇ ਕੰਮ ਕਰਨ ਨੂੰ ਸਿਰਫ਼ ਬਪਤਿਸਮੇ ਲਈ ਕਹਿਣਾ ਜਿਸ ਵਿਚ ਮਨੁੱਖ ਦਾ ਵਰਤਾਅ ਕਿਹੋ ਜਿਹਾ ਵੀ ਹੋਣ ਦੇ ਬਾਵਜੂਦ ਖ਼ੁਦਾ ਕੰਮ ਕਰਦਾ ਹੈ, ਜਾਂ ਬਪਤਿਸਮੇ ਵਿਚ ਖ਼ੁਦਾ ਦੇ ਕੰਮ ਨੂੰ ਸਮਝਣਾ, ਜਾਂ ਬਪਤਿਸਮੇ ਦੇ ਬਾਅਦ ਸਹੀ ਸਹੀ ਜਵਾਬ ਬਣਾਉਣ ਦੇ ਸਬੂਤ ਦੇ ਤੌਰ ਤੇ ਪੇਸ਼ ਕਰਨਾ ਗਲਤ ਹੈ।[8]

ਬਿਸਲੇ –ਮੁਰੇ ਨੂੰ ਬਪਤਿਸਮਾ ਲੈਣ ਵਾਲੇ ਵਿਚ ਕਿਰਿਆਸ਼ੀਲ ਵਿਸ਼ਵਾਸ ਦੀ ਲੋੜ ਲੱਗੀ। ਜਿਸ ਵਿਸ਼ਵਾਸ ਦੀ ਇੱਥੇ ਗੱਲ ਹੋ ਰਹੀ ਹੈ ਉਹ ਯਿਸੂ ਦੇ ਜੀ ਉੱਠਣ ਦਾ ਤੱਥ ਨਹੀਂ, ਬਲਕਿ ਖ਼ੁਦਾ ਦੇ ਕੰਮ ਵਿਚ ਵਿਸ਼ਵਾਸ ਰੱਖਣਾ ਹੈ, ਜੋ ਬਪਤਿਸਮਾ ਲੈਣ ਨਾਲ ਉਸਦੀ ਜ਼ਿੰਦਗੀ ਵਿਚ ਕੰਮ ਕਰ ਰਿਹਾ ਹੈ। ਉਸ ਨੇ ਹੋਰ ਵੀ ਆਖਿਆ:

> ਵਿਸ਼ਵਾਸ ਵਿਚ ਆਪਣੇ ਆਪ ਵਿਚ ਵਿਸ਼ਵਾਸੀ ਨੂੰ ਮੁਰਦਿਆਂ ਵਿੱਚੋਂ ਜਿਵਾਉਣ ਦੀ ਸ਼ਕਤੀ ਨਹੀਂ ਹੈ, ਅਜਿਹਾ ਕਰਨ ਲਈ ਸਿਰਫ ਖ਼ੁਦਾ ਵੱਲ ਵੇਖ ਸਕਦੇ ਹਾਂ, ਇਸ ਵਾਕ ਅਨੁਸਾਰ ਬਪਤਿਸਮਾ ਲੈਣ ਵਾਲੇ ਦੇ ਵਿਸ਼ਵਾਸ ਦੇ ਜਵਾਬ ਵਿਚ ਖ਼ੁਦਾ ਬਪਤਿਸਮੇ ਵਿਚ ਮਰਨ ਵਾਲੇ ਨੂੰ ਮੁਰਦਿਆਂ ਵਿੱਚੋਂ ਆਪਣੀ ਸਮਰਥਾ ਨਾਲ ਜਿਵਾਉਂਦਾ ਹੈ। ਖ਼ੁਦਾ ਵੱਲੋਂ ਬਪਤਿਸਮਾ ਲੈਣ ਵਾਲੇ ਦੇ ਕਿਰਿਆਸ਼ੀਲ ਵਿਸ਼ਵਾਸ ਨਾਲੋਂ ਵੱਖਰਾ ਮਰਨ ਵਾਲੇ ਨੂੰ ਜਿਵਾਉਣ ਵਾਲੇ ਬਪਤਿਸਮੇ ਤੇ ਵਿਚਾਰ ਨਹੀਂ ਕੀਤਾ ਜਾਂਦਾ।[9]

*ਕਮੈਂਟਰੀ ਆਫ਼ ਦ ਹੋਲੀ ਸਕ੍ਰਿਪਚਰਜ਼: ਕੋਲੋਸ਼ੀਅਨਸ* ਵਿਚ ਕਾਰਲ ਬ੍ਰਾਊਨ ਨੇ ਲਿਖਿਆ ਹੈ,

> ਫਿਰ ਤਾਂ ਖ਼ੁਦਾ ਨੂੰ ਅਜਿਹਾ ਵਿਖਾਇਆ ਜਾਂਦਾ ਹੈ; ਜਿਸ ਨੇ ਉਸ ਮੁਰਦਿਆਂ ਵਿੱਚੋਂ ਜਿਵਾਇਆ, ਕਿਉਂਕਿ ਨਿਆਂ ਵਾਕ ਚੱਲਦਾ ਹੈ: ਜੇ ਖ਼ੁਦਾ ਨੇ ਮਸੀਹ ਨੂੰ ਮੁਰਦਿਆਂ ਵਿੱਚੋਂ ਜਿਵਾਇਆ ਹੈ, ਤਾਂ ਕੀ ਉਹ ਮੈਨੂੰ ਵੀ ਨਵੇਂ ਜੀਵਨ ਦੇ ਲਈ ਜ਼ਿੰਦਾ ਕਰ ਸਕਦਾ ਹੈ (ਤੁਲਨਾ ਅਫ਼ਸੀਆਂ 1:19, 20)? ''ਖ਼ੁਦਾ ਦੇ ਅਜਿਹੇ ਕੰਮ'' ਵਿਚ ਵਿਸ਼ਵਾਸ ਨਾਲ ਹੀ ਉਸ ਨੂੰ ਮਹਿਸੂਸ ਕੀਤਾ ਜਾਂਦਾ ਹੈ।[10]

ਵਿਲੀਅਮ ਬਾਰਕਲੇ ਨੇ ਲਿਖਿਆ ਹੈ:

> ਇਹ ਤਾਂ ਹੀ ਹੋ ਸਕਦਾ ਹੈ ਜਦ ਕੋਈ ਮਨੁੱਖ ਖ਼ੁਦਾ ਦੇ ਪ੍ਰਭਾਵਕਾਰੀ ਕੰਮ ਵਿਚ ਯਾਨੀ ਖ਼ੁਦਾ ਦੀ ਉਸ ਸਮਰਥਾ ਵਿਚ ਵਿਸ਼ਵਾਸ ਕਰਦਾ ਹੈ ਜਿਸ ਨੇ ਯਿਸੂ ਮਸੀਹ ਨੂੰ

> ਮੁਰਦਿਆਂ ਵਿੱਚੋਂ ਜ਼ਿੰਦਾ ਕੀਤਾ। ਉਹ ਤਾਂ ਹੀ ਮੰਨ ਸਕਦਾ ਹੈ ਕਿ ਜਿਸ ਸਮਰਥਾ ਨੇ ਯਿਸੂ ਮਸੀਹ ਨੂੰ ਸਲੀਬ ਦੇ ਰਾਹੀਂ ਲਿਆਂਦਾ ਸੀ ਅਤੇ ਜਿਸ ਨੇ ਉਸ ਨੂੰ ਜ਼ਿੰਦਾ ਕੀਤਾ ਸੀ ਉਹ ਉਸ ਦੇ ਲਈ ਵੀ ਉਹੀ ਕੰਮ ਕਰ ਸਕਦਾ ਹੈ।[11]

ਮੇਰਵਿਨ ਆਰ. ਵਿੰਸਟਨ ਨੇ ਜ਼ੋਰ ਦਿੱਤਾ ਹੈ ਕਿ ਅਜਿਹੀ ਤਬਦੀਲੀ ''ਖ਼ੁਦਾ ਦੇ ਕੰਮ ਵਿਸ਼ਵਾਸ ਨਾਲ'' ਆਉਂਦੀ ਹੈ, ਭਾਵ, ''ਉਸ ਵਿਸ਼ਵਾਸ ਨਾਲ ਨਹੀਂ ਜਿਸ ਨਾਲ ਖ਼ੁਦਾ ਕੰਮ ਕਰਦਾ ਹੈ, ਸਗੋਂ ਖ਼ੁਦਾ ਦੇ ਕੰਮ ਵਿਚ ਤੁਹਾਡੇ ਵਿਸ਼ਵਾਸ ਨਾਲ ... ਜਿਵੇਂ ਕਿ ਮਸੀਹ ਦੇ ਜੀ ਉੱਠਣ ਵਿਚ ਵਿਖਾਇਆ ਗਿਆ ਹੈ।''[12]

ਰੌਬਰਟ ਜੀ. ਬ੍ਰੇਚਰ ਅਤੇ ਯੂਜੀਨ ਏ. ਨਾਇਡਾ ਨੇ ਵਧੀਆ ਸਾਰ ਮੁਹੱਈਆ ਕਰਵਾਇਆ ਸੀ:

> ... [ਕੁਲੁੱਸੀਆਂ 2:12] ਦੇ ਮੁੱਖ ਭਾਗ ਇਵੇਂ ਹੋ ਸਕਦਾ ਹੈ ''ਜਦ ਤੁਸੀਂ ਬਪਤਿਸਮਾ ਲਿਆ, ਤਾਂ ਖ਼ੁਦਾ ਨੇ ਤੁਹਾਨੂੰ ਆਪਣੀ ਸਮਰਥਾ ਨਾਲ ਜਿਵਾ ਦਿੱਤਾ। ਉਸ ਨੇ ਤੁਹਾਨੂੰ ਇਵੇਂ ਉਠਾਇਆ ਜਿਵੇਂ ਮਸੀਹ ਦੇ ਨਾਲ। ਇਹ ਖ਼ੁਦਾ ਦੀ ਸਮਰੱਥਾ ਵਿਚ ਤੁਹਾਡੇ ਭਰੋਸੇ ਦੇ ਕਾਰਣ ਹੋਇਆ।''[13]

ਬਪਤਿਸਮੇ ਦਾ ਲਾਭ ਉਸੇ ਨੂੰ ਮਿਲਦਾ ਹੈ ਜਿਸਦਾ ਵਿਸ਼ਵਾਸ ਹੈ ਕਿ ਖ਼ੁਦਾ ਦੀ ਉਸੇ ਸਮਰਥਾ ਨਾਲ ਜਿਸ ਨੇ ਯਿਸੂ ਦੇ ਮਰੇ ਹੋਏ ਸਰੀਰ ਨੂੰ ਜਿਵਾਇਆ, ਪਾਪ ਵਿਚ ਮਰੇ ਹੋਏ ਨੂੰ ਰੂਹਾਨੀ ਜ਼ਿੰਦਗੀ ਮਿਲ ਸਕਦੀ ਹੈ। ਇਹ ਵਿਸ਼ਵਾਸ ਬਪਤਿਸਮਾ ਦੇਣ ਵਾਲੇ ਪ੍ਰਚਾਰਕ, ਪਾਣੀ ਜਾਂ ਬਪਤਿਸਮਾ ਲੈਣ ਦੇ ਕੰਮ ਵਿਚ ਜਾਂ ਯਿਸੂ ਦੇ ਜੀ ਉੱਠਣ ਵਿਚ ਨਹੀਂ ਬਲਕਿ ਖ਼ੁਦਾ ਦੇ ਕੰਮ ਵਿਚ ਵਿਸ਼ਵਾਸ ਹੈ ਜਿਸ ਨੇ ਯਿਸੂ ਨੂੰ ਜਿਵਾ ਕੇ (ਸਰੀਰਕ ਜਾਂ ਰੂਹਾਨੀ) ਜ਼ਿੰਦਗੀ ਦੇਣ ਦੀ ਸਮਰਥਾ ਵਿਖਾਈ। ਜੇ ਕੋਈ ਇਹ ਵਿਸ਼ਵਾਸ ਰੱਖ ਸਕਦਾ ਹੈ ਕਿ ਖ਼ੁਦਾ ਯਿਸੂ ਦੇ ਮਰੇ ਹੋਏ ਸਰੀਰ ਵਿਚ ਨਵਾਂ ਜੀਵਨ ਪਾ ਸਕਦਾ ਹੈ ਤਾਂ ਯਕੀਨਨ ਹੀ ਉਸਦੇ ਵਿਸ਼ਵਾਸ ਦਾ ਇਹ ਅਧਾਰ ਹੋ ਸਕਦਾ ਹੈ ਕਿ ਖ਼ੁਦਾ ਉਸ ਨੂੰ ਬਪਤਿਸਮਾ ਲੈਣ ਤੇ ਰੂਹਾਨੀ ਜ਼ਿੰਦਗੀ ਅਤੇ ਮਾਫ਼ੀ ਦੇ ਸਕਦਾ ਹੈ।

ਬਪਤਿਸਮੇ ਦੇ ਕੰਮ ਦਾ ਸਹੀ ਹੋਣਾ ਉਸ ਵਿਸ਼ਵਾਸ ਤੇ ਨਿਰਭਰ ਕਰਦਾ ਹੈ ਜਿਸ ਵਿਚ ਖ਼ੁਦਾ ਕੰਮ ਕਰ ਰਿਹਾ ਹੈ। ਅਜਿਹੇ ਵਿਸ਼ਵਾਸ ਦੇ ਬਗ਼ੈਰ ਬਪਤਿਸਮਾ ਲੈਣਾ ਫ਼ਜ਼ੂਲ ਅਤੇ ਬੇਤੁਕਾ ਕਰਮਕਾਂਡ ਹੀ ਹੈ। ਬਗ਼ੈਰ ਸਮਝ ਅਤੇ ਵਿਸ਼ਵਾਸ ਦੇ ਬਪਤਿਸਮਾ ਆਪਣੇ ਆਪ ਵਿਚ ਰੂਹਾਨੀ ਸੁੰਨਤ ਨਹੀਂ ਹੈ। ਜਾਂ ਇਸ ਨਾਲ ਕੋਈ ਯਿਸੂ ਵਿਚ ਜ਼ਿੰਦਾ ਨਹੀਂ ਹੋ ਸਕਦਾ। ਖ਼ੁਦਾ ਦੇ ਕੰਮ ਵਿਚ ਵਿਸ਼ਵਾਸ ਰੱਖਣ ਲਈ, ਸਾਨੂੰ ਇਹ ਸਮਝ ਹੋਣੀ ਜ਼ਰੂਰੀ ਹੈ ਕਿ ਜਦ ਅਸੀਂ ਬਪਤਿਸਮਾ ਲੈ ਰਹੇ ਹਾਂ ਤਾਂ ਖ਼ੁਦਾ ਕੰਮ ਕਰ ਰਿਹਾ ਹੁੰਦਾ ਹੈ। ਖ਼ੁਦਾ ਸਾਡੇ ਪਾਪਾਂ ਅਤੇ ਪਾਪ ਭਰੀਆਂ ਖਾਹਿਸ਼ਾਂ ਨੂੰ ਮਿਟਾ ਰਿਹਾ ਹੁੰਦਾ ਹੈ ਅਤੇ ਸਾਨੂੰ ਸਾਡੇ ਉਸ ਵਿਸ਼ਵਾਸ ਕਰਕੇ ਕਿ ਉਹ ਕੀ ਕਰ ਸਕਦਾ ਹੈ ਅਤੇ ਕੀ ਕਰੇਗਾ ਰੂਹਾਨੀ ਤੌਰ ਤੇ ਜਿਵਾਉਂਦਾ ਹੈ। ਅਜਿਹਾ ਤਾਂ ਹੀ ਹੋ ਸਕਦਾ ਹੈ ਜਦ ਅਸੀਂ ਯਿਸੂ ਦੇ ਨਾਲ ਉਸਦੇ ਦਫ਼ਨਾਏ ਜਾਣ ਅਤੇ ਜੀ ਉੱਠਣ ਵਿਚ ਆਉਂਦੇ ਹਾਂ। ਬਪਤਿਸਮੇ ਵਿਚ ਅਸੀਂ ਜਿਸਮਾਨੀ ਅਤੇ ਰੂਹਾਨੀ ਦੋਹਾਂ ਤਰ੍ਹਾਂ ਨਾਲ ਅਜਿਹਾ ਕਰਦੇ ਹਨ।

ਸਾਨੂੰ ਇਹ ਨਿਚੋੜ ਕੱਢਣਾ ਹੋਵੇਗਾ (1) ਕਿ ਜਦ ਅਸੀਂ ਜ਼ਿੰਦਗੀ ਅਤੇ ਮਾਫ਼ ਕਰਨ ਦੇ ਖ਼ੁਦਾ ਦੇ ਕੰਮ ਦੇ ਅਧਾਰ ਤੇ ਬਪਤਿਸਮਾ ਲੈ ਰਹੇ ਹੁੰਦੇ ਹਾਂ ਜੋ ਪੌਲੁਸ ਨੇ ਉਸਨੂੰ ਖ਼ੁਦਾ ਦੇ ਕੰਮ ਵਿਚ ਵਿਸ਼ਵਾਸ ਦੇ ਰੂਪ ਵਿਚ ਵੇਖਿਆ ਅਤੇ (2) ਬਪਤਿਸਮੇ ਵਿਚ ਅਜਿਹੇ ਅਸਰ ਲਿਆਉਣ

ਦੀ ਆਪਣੇ ਆਪ ਵਿਚ ਕੋਈ ਸਮਰਥਾ ਨਹੀਂ ਹੈ। ਬਪਤਿਸਮਾ ਉਹ ਪਲ ਹੁੰਦਾ ਹੈ ਜਿਸ ਵਿਚ ਖ਼ੁਦਾ ਕੰਮ ਕਰਦਾ ਹੈ। ਕਿਉਂਕਿ ਸਾਨੂੰ ਯਿਸੂ ਦੇ ਮੁੜ ਜੀ ਉੱਠਣ ਤੋਂ ਇਹ ਵਿਸ਼ਵਾਸ ਕਰਨ ਦੀ ਲੋੜ ਮੁਤਾਬਕ ਸਬੂਤ ਮਿਲ ਜਾਂਦਾ ਹੈ ਕਿ ਬਪਤਿਸਮੇ ਵਿਚ ਯਿਸੂ ਦੇ ਨਾਲ ਦਫ਼ਨਾਏ ਜਾ ਕੇ ਜੀ ਉੱਠਣ ਤੇ ਖ਼ੁਦਾ ਸਾਨੂੰ ਵੀ ਇਕ ਨਵੀਂ ਰੂਹਾਨੀ ਜ਼ਿੰਦਗੀ ਲਈ ਜ਼ਿੰਦਾ ਕਰਨ ਅਤੇ ਪਾਪ ਮਾਫ਼ ਕਰਨ ਦਾ ਕੰਮ ਕਰ ਸਕਦਾ ਹੈ।

## ਜ਼ਿੰਦਾ ਕੀਤੇ ਗਏ ਅਤੇ ਮਾਫ਼ ਕੀਤੇ ਗਏ

> ਅਤੇ ਉਸ ਨੇ ਤੁਹਾਨੂੰ ਜਿਹੜੇ ਆਪਣੇ ਅਪਰਾਧਾਂ ਅਤੇ ਆਪਣੇ ਸਰੀਰ ਦੀ ਅਸੁੰਨਤ ਦੇ ਕਾਰਨ ਮੋਏ ਹੋਏ ਸਾਓ ਉਹ ਦੇ ਨਾਲ ਜਿਵਾਲਿਆ ਕਿਉਂ ਜੋ ਉਸ ਨੇ ਸਾਡੇ ਸਾਰੇ ਅਪਰਾਧ ਸਾਨੂੰ ਮਾਫ਼ ਕੀਤੇ (ਕੁਲੁੱਸੀਆਂ 2:13)।

ਜੋ ਲੋਕ ਖ਼ੁਦਾ ਦੀ ਸਮਰਥਾ ਤੇ ਵਿਸ਼ਵਾਸ ਰੱਖਦੇ ਹਨ ਉਨ੍ਹਾਂ ਨੂੰ ਬਪਤਿਸਮੇ ਵੇਲੇ ਜ਼ਿੰਦਾ ਕੀਤਾ ਜਾਂਦਾ ਹੈ। ਪੌਲੁਸ ਨੇ ਇਹ ਵਿਖਾਉਣ ਲਈ ਕਿ ਅਜਿਹਾ ਬਦਲਾਅ ਹੁੰਦਾ ਹੈ ਦੋ ਰੂਪਕਾਂ ਦੀ ਵਰਤੋਂ ਕੀਤੀ (ਕੁਲੁੱਸੀਆਂ 2:11–13)।

ਪੌਲੁਸ ਨੇ ਦੱਸਿਆ ਕਿ ਕੁਲੁੱਸੈ ਦੇ ਲੋਕ ਬਪਤਿਸਮੇ ਤੋਂ ਪਹਿਲਾਂ ''ਬੇਸੁੰਨਤੇ'' ਭਾਵ ਜਿਸਮਾਨੀ ਖ਼ਾਹਿਸ਼ਾਂ ਦੇ ਵੱਸ ਵਿਚ ਸਨ। ਫਿਰ ਉਸ ਨੇ ਉਨ੍ਹਾਂ ਨੂੰ ''ਪਾਪ ਵਿਚ ਮਰੇ ਹੋਏ'' ਯਾਨੀ ਰੂਹਾਨੀ ਤੌਰ ਤੇ ਮੁਰਦਾ ਅਤੇ ਅਜੇ ਵੀ ਪਾਪ ਨਾਲ ਦੂਸ਼ਿਤ ਦੱਸਿਆ। ਬਪਤਿਸਮੇ ਵਿਚ ਇਕ ਬਦਲਾਅ ਆਇਆ ਕਿ ਸਰੀਰਕ ਖ਼ਾਹਿਸ਼ਾਂ ਨੂੰ ਮਿਟਾਉਣ ਨਾਲ ਉਨ੍ਹਾਂ ਦੀ ਰੂਹਾਨੀ ਸੁੰਨਤ ਹੋ ਗਈ ਸੀ ਅਤੇ ਰੂਹਾਨੀ ਅਰਥਾਂ ਵਿਚ ਉਹ ਯਿਸੂ ਦੇ ਜੀ ਉੱਠਣ ਦੇ ਹਿੱਸੇਦਾਰ ਵੀ ਗਏ ਸਨ। ਖ਼ੁਦਾ ਦੇ ਕੰਮ ਅਤੇ ਵਿਸ਼ਵਾਸ ਕਾਰਣ ਉਹ ਹੁਣ ਪਾਪ ਵਿਚ ਮਰੇ ਹੋਏ ਨਹੀਂ ਸਨ ਬਲਕਿ ਜੀ ਉੱਠੇ ਸਨ। ਜਿਸ ਪਾਪ ਦੇ ਕਾਰਣ ਉਨ੍ਹਾਂ ਦੀ ਪਹਿਲਾਂ ਵਾਲੀ ਹਾਲਤ ਸੀ ਉਸ ਤੋਂ ਬਪਤਿਸਮੇ ਵਿਚ ਉਨ੍ਹਾਂ ਦੀ ਰੂਹਾਨੀ ਸੁੰਨਤ ਕਰਕੇ ਅਤੇ ਰੂਹਾਨੀ ਤੌਰ ਤੇ ਨਾਲ ਉਨ੍ਹਾਂ ਨੂੰ ਜ਼ਿੰਦਾ ਕਰਕੇ, ਛੁਡਾ ਦਿੱਤਾ ਗਿਆ ਸੀ। ਪੌਲੁਸ ਨੇ ਕੁਲੁੱਸੀਆਂ ਦੇ ਸਬੰਧ ਵਿਚ ਕਿਹਾ, ''ਉਸ ਨੇ ਤੁਹਾਨੂੰ ਜਿਹੜੇ ਆਪਣੇ ਅਪਰਾਧਾਂ ਅਤੇ ਆਪਣੇ ਸਰੀਰ ਦੀ ਅਸੁੰਨਤ ਦੇ ਕਾਰਨ ਮੋਏ ਹੋਏ ਸਾਓ ਉਹ ਦੇ ਨਾਲ ਜਿਵਾਲਿਆ ਕਿਉਂ ਜੋ ਉਸ ਨੇ ਸਾਡੇ ਸਾਰੇ ਅਪਰਾਧ ਸਾਨੂੰ ਮਾਫ਼ ਕੀਤੇ'' (ਕੁਲੁੱਸੀਆਂ 2:13)।

ਏ.ਟੀ. ਰੌਬਰਟਸਨ ਨੇ ਪੌਲੁਸ ਦੇ ਸੰਦੇਸ਼ ਦਾ ਇਕ ਸਹੀ ਸਾਰ ਦਿੱਤਾ ਹੈ: ''ਖ਼ੁਦਾ ਨੇ ਜ਼ਿੰਦਗੀ ਦਿੱਤੀ ਹੈ, ਅਤੇ ਉਹ ਦੇਹ ਅਤੇ ਜਾਨ ਦੋਹਾਂ ਨੂੰ ਜ਼ਿੰਦਗੀ ਦੇ ਸਕਦਾ ਹੈ। ਪੌਲੁਸ ਉਨ੍ਹਾਂ ਲੋਕਾਂ ਨੂੰ ਖ਼ੁਦਾ ਦੀ ਸਮਰਥਾ ਦੇਣ ਦੀ ਪੇਸ਼ਕਸ਼ ਕਰਦਾ ਹੈ ਜੋ ਸ਼ੱਕ ਕਰਦੇ ਹਨ।''[14]

ਬਾਅਦ ਵਿਚ ਪੌਲੁਸ ਨੇ ਸਿਖਾਇਆ ਕਿ ਬਪਤਿਸਮੇ ਵਿਚ ਯਿਸੂ ਦੇ ਨਾਲ ਦਫ਼ਨ ਹੋਣ ਅਤੇ ਜੀ ਉੱਠਣ ਦੇ ਬਾਅਦ ਕੀ ਕਰਨਾ ਜ਼ਰੂਰੀ ਹੈ। ''ਸੋ ਜੇ ਤੁਸੀਂ ਮਸੀਹ ਦੇ ਨਾਲ ਜਿਵਾਏ ਗਏ ਤਾਂ ਉਤਾਹਾਂ ਦੀਆਂ ਗੱਲਾਂ ਦੇ ਮਗਰ ਲੱਗੇ ਰਹੋ ਜਿੱਥੇ ਮਸੀਹ ਪਰਮੇਸ਼ੁਰ ਦੇ ਸੱਜੇ ਪਾਸੇ ਬੈਠਾ ਹੈ। ਉਤਾਹਾਂ ਦੀਆਂ ਗੱਲਾਂ ਉੱਤੇ ਚਿੱਤ ਲਾਓ, ਨਾ ਉਨ੍ਹਾਂ ਉੱਤੇ ਜਿਹੜੀਆਂ ਧਰਤੀ ਉੱਪਰ ਹਨ'' (ਕੁਲੁੱਸੀਆਂ 3:1, 2)।

## ਸਾਰ

ਵਿਸ਼ਵਾਸ ਲਿਆਂਦੇ ਬਗ਼ੈਰ ਲਿਆ ਗਿਆ ਬਪਤਿਸਮਾ ਅਧੂਰਾ ਹੈ, ਬਪਤਿਸਮਾ ਲਏ ਬਗ਼ੈਰ ਖ਼ੁਦਾ ਦੇ ਕੰਮ ਵਿਚ ਵਿਸ਼ਵਾਸ ਮੰਨਣ ਯੋਗ ਨਹੀਂ ਹੈ। ਮੁਕਤੀ ਉਸ ਵਿਸ਼ਵਾਸ ਤੇ ਹੀ ਮਿਲ ਸਕਦੀ ਹੈ ਜੋ ਖ਼ੁਦਾ ਦੇ ਕੰਮ ਤੇ ਅਧਾਰਿਤ ਹੈ। ਅਸੀਂ ਬਪਤਿਸਮੇ ਵਿਚ ਯਿਸੂ ਦੇ ਦਫ਼ਨ ਹੋਣ ਅਤੇ ਜੀ ਉੱਠਣ ਵਿਚ ਭਾਈਵਾਲ ਹੋਣ ਦੀ ਚਾਹ ਕਰਦੇ ਹਾਂ। ਇਹ ਉਹ ਵਿਸ਼ਵਾਸ ਹੈ ਜੋ ਆਖਦਾ ਹੈ ਕਿ ਖ਼ੁਦਾ ਦੀ ਜਿਸ ਸਮਰਥਾ ਨੇ ਯਿਸੂ ਨੂੰ ਮੁਰਦਿਆਂ ਵਿੱਚੋਂ ਜ਼ਿੰਦਾ ਕੀਤਾ। ਉਹ ਸਮਰਥਾ ਸਾਨੂੰ ਵੀ ਇਕ ਨਵੇਂ ਜੀਵਨ ਲਈ ਜਿਵਾ ਸਕਦੀ ਹੈ। ਜੇ ਅਸੀਂ ਯਿਸੂ ਦੇ ਨਾਲ ਤਬਦੀਲੀ ਹਾਸਲ ਕਰ ਲਈ ਹੈ, ਤਾਂ ਸਾਨੂੰ ਚਾਹੀਦਾ ਹੈ ਕਿ ਆਪਣੀਆਂ ਜ਼ਿੰਦਗੀਆਂ ਨੂੰ ਸੰਸਾਰੀ ਨਿਸ਼ਾਨਿਆਂ ਤੋਂ ਸੁਰਗੀ ਨਿਸ਼ਾਨੇ ਵੱਲ ਮੋੜ ਦਈਏ।

---

ਟਿੱਪਣੀਆਂ

[1]ਰਾਲਫ਼ ਪੀ. ਮਾਰਟਿਨ, *ਕੋਲੋਸ਼ੀਅਨਸ ਐਂਡ ਫ਼ਿਲੇਮੋਨ,* ਦ ਨਿਊ ਸੈਂਚੁਰੀ ਬਾਈਬਲ ਕਮੈਂਟਰੀ, ਸਧਾ. ਅੰਕ. ਮੈਥਿਊ ਬਲੈਕ (ਇੰਗਲੈਂਡ: ਮਾਰਸ਼ਲ ਐਂਡ ਸਕਾਟ, 1973, ਰੀਪ੍ਰਿੰਟ, ਗ੍ਰੈਂਡ ਰੈਪਿਡਸ ਮਿਸ਼ੀਗਨ: ਵਿਲੀਅਮ ਬ੍ਰੋਮਿਲੇ ਈਰਡਮੈਂਸ ਪਬਲਿਸ਼ਿੰਗ ਕੰ., 1985), 81. [2]ਉਹੀ, 82. [3]ਮੁੱਰੇ ਜੇ. ਹੈਰਿਸ, *ਕੋਲੋਸ਼ੀਅਨਸ ਐਂਡ ਫ਼ਿਲੇਮੋਨ* (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬ੍ਰੋਮਿਲੇ ਈਰਡਮੈਂਸ ਪਬਲਿਸ਼ਿੰਗ ਕੰ., 1991), 112. [4]ਅਲਬ੍ਰੇਟ ਓਪਕੇ, *''ਬੈਪਟਿਜ਼ੋ,'' ਥਿਓਲੋਜੀਕਲ* ਡਿਕਸ਼ਨਰੀ ਆਫ਼ ਦ ਨਿਊ ਟੈਸਟਾਮੈਂਟ, ਜਿਲਦ 1, ਸੰ. ਗਰਹਰਡ ਕਿੱਟਲ, ਅਨੁਵਾਦ ਜਿਓਫ਼ਰੀ ਡਬਲਯੂ. ਬ੍ਰੋਮਿਲੇ, (ਗ੍ਰੈਂਡ ਰੈਪਿਡਸ ਮਿਸ਼ੀਗਨ: ਵਿਲੀਅਮ ਬ੍ਰੋਮਿਲੇ ਈਰਡਮੈਂਸ ਪਬਲਿਸ਼ਿੰਗ ਕੰ., 1964), 539. [5]ਰੌਬਰਟ ਜੇਮੀਅਨਸ, ਏ. ਆਰ. ਫਾਸੇਟ, ਐਂਡ ਡੇਵਿਡ ਬ੍ਰਾਊਨ, *ਕਮੈਂਟਰੀ ਆਨ ਦ ਹੋਲ ਬਾਈਬਲ* (ਗ੍ਰੈਂਡ ਰੈਪਿਡਸ ਮਿਸ਼ੀਗਨ: ਜ਼ੌਂਡਰਵਨ, 1961), 1321. [6]ਰਾਲਫ਼ ਪੀ. ਮਾਰਟਿਨ, *ਕੋਲੋਸ਼ੀਅਨਸ: ਦ ਚਰਚ'ਸ ਲਾਰਡ ਐਂਡ ਦ ਕ੍ਰਿਸਚਿਅਨ'ਜ਼ ਲਿਬਰਟੀ* (ਐਗਜ਼ਰਟਰ: ਦ ਪੈਟਰਨੋਸਟਰ ਪ੍ਰੈੱਸ, 1972), 87. [7]ਹਰਬਰਟ ਐੱਮ. ਕਾਰਸਨ, *ਸਟੈਂਡ ਪਰਫ਼ੈਕਟ ਇਨ ਵਿਜ਼ਡਮ* (ਗ੍ਰੈਂਡ ਰੈਪਿਡਸ, ਮਿਸ਼ੀਗਨ: ਬੇਕਰ, 1981), 110. [8]ਜੀ. ਆਰ. ਬਿਸਲੇ–ਮੁੱਰੇ, *ਬੈਪਟਿਜ਼ਮ ਇਨ ਦ ਨਿਊ ਟੈਸਟਾਮੈਂਟ* (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬ੍ਰੋਮਿਲੇ ਈਰਡਮੈਂਸ ਪਬਲਿਸ਼ਿੰਗ ਕੰ., 1977), 273. [9]ਉਹੀ, 364. [10]ਕਾਰਲ ਬ੍ਰਾਊਨ, *ਕਮੈਂਟਰੀ ਆਨ ਦ ਹੋਲੀ ਸਕ੍ਰਿਪਚਰਜ਼: ਕੋਲੋਸ਼ੀਅੰਜ਼,* ਜਿਲਦ 3, ਨਵਾਂ ਅੰਕ ਪੀਟਰ ਲੇਂਜ, ਅਨੁਵਾਦ ਐੱਮ. ਬੀ. ਰਿੱਡਲ (ਗ੍ਰੈਂਡ ਰੈਪਿਡਸ, ਮਿਸ਼ੀਗਨ: ਜ਼ੌਂਡਰਵਨ, 1969), 46.

[11]ਵਿਲੀਅਮ ਬਾਰਕਲੇ, *ਦ ਲੈਟਰ ਟੂ ਦ ਫ਼ਿਲੀਪਿਅਨਸ, ਕੋਲੋਸ਼ੀਅਨਸ ਐਂਡ ਥਿਸਲੋਨਿਅਨਸ,* ਸੋਧਿਆ ਅੰਕ, ਦਿ ਡੇਲੀ ਸਟੱਡੀ ਬਾਈਬਲ ਸੀਰੀਜ਼, (ਫਿਲਾਡੈਲਫ਼ੀਆ: ਵੈਸਟਮਿੰਸਟਰ ਪ੍ਰੈੱਸ, 1959), 168. [12]ਮੇਰਵਿਨ ਆਰ. ਵਿੰਸੇਂਟ *ਵਰਡ ਸਟਡੀਜ਼ ਇਨ ਦ ਨਿਊ ਟੈਸਟਾਮੈਂਟ,* ਜਿਲਦ 3 (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬ੍ਰੋਮਿਲੇ ਈਰਡਮੈਂਸ ਪਬਲਿਸ਼ਿੰਗ ਕੰ., 1946), 489. [13]ਰੌਬਰਟ ਜੀ. ਬ੍ਰੇਚਰ ਐਂਡ ਯੂਜੀਨ ਏ. ਨਾਇਡਾ, *ਏ ਟ੍ਰਾਂਸਲੇਟਰ'ਜ਼ ਹੈਂਡਬੁੱਕ ਆਫ਼ ਪੌਲ'ਜ਼ ਲੈਟਰ ਟੂ* ਦ ਕੋਲੋਸ਼ੀਅੰਜ਼ ਐਂਡ ਟੂ ਫ਼ਿਲੇਮੋਨ (ਨਿਊ ਯਾਰਕ: ਯੂਨਾਈਟਡ ਬਾਈਬਲ ਸੋਸਾਇਟੀਜ਼, 1977), 58. [14]ਏ. ਟੀ. ਰੌਬਰਟਸਨ, *ਪੌਲ ਐਂਡ ਦ ਇੰਟੇਲੈਕਚੁਅਲਜ਼: ਦ ਐਪਿਸਟਲ ਟੂ ਦ ਕੋਲੋਸ਼ੀਅਨਸ,* ਸੋਧ ਅਤੇ ਸੰਪਾ. ਡਬਲਯੂ. ਸੀ. ਸਟ੍ਰਿਕਲੈਂਡ (ਨਿਊ ਯਾਰਕ: ਡਬਲਡੇ, ਡੋਰਨ ਐਂਡ ਕੰ., 1928; ਰੀਪ੍ਰਿੰਟ, ਨੈਸ਼ਵਿੱਲੈ: ਬ੍ਰੌਡਮੈਨ ਪ੍ਰੈੱਸ, 1959), 84.